12

# ਖ਼ੁਦਾ ਦੀਆਂ ਖ਼ੂਬੀਆਂ ਕੀ ਹਨ?

## ਉਸਦਾ ਪਿਆਰ

ਪਵਿੱਤਰ ਆਤਮਾ ਦੇ ਰਾਹੀਂ ਮਸੀਹੀ ਲੋਕਾਂ ਦੇ ਮਨਾਂ ਵਿਚ ਖ਼ੁਦਾ ਦੇ ਪਿਆਰ ਦੀ ਚੌੜਾਈ ਲੰਬਾਈ, ਅਤੇ ਡੂੰਘਿਆਈ ਅਤੇ ਉਚਿਆਈ ਨਾਲ ਪਾਏ ਜਾਣ ਦੇ ਨਾਲ-ਨਾਲ ਖ਼ੁਦਾ ਦੀ ਭਰਪੂਰੀ ਦਾ ਗਿਆਨ ਪਾਇਆ ਜਾਂਦਾ ਹੈ (ਰੋਮੀਆਂ 5:5; ਅਫ਼ਸੀਆਂ 3:18, 19)। ਉਸਦਾ ਪਿਆਰ ਸਭ ਤੋਂ ਗਹਿਰਾ ਅਸਰ ਪਾਉਣ ਦੇ ਯੋਗ, ਦਿਮਾਗ਼ ਦੀ ਕਿਸੇ ਵੀ ਸੋਚ ਤੋਂ ਵਧਕੇ ਮਨੁੱਖੀ ਗਿਆਨ ਦੇ ਪਾਰ ਨਿੱਕਲ ਜਾਂਦਾ ਹੈ। ਕੁਝ ਉਦਾਹਰਣਾਂ ਨਾਲ ਪਿਆਰ ਨੂੰ ਸਮਝਣ ਵਿਚ ਮਦਦ ਮਿਲਦੀ ਹੈ।

### ਜਾਨਵਰਾਂ ਨਾਲ ਸਾਡੇ ਪਿਆਰ ਵਾਂਗ

''ਧਰਮੀ ਆਪਣੇ ਪਸ਼ੂ ਦੇ ਪ੍ਰਾਣਾਂ ਦੀ ਵੀ ਸੁੱਧ ਰੱਖਦਾ ਹੈ, ਪਰ ਦੁਸ਼ਟਾਂ ਦਾ ਰਹਿਮ ਵੀ ਨਿਰਦਈ ਹੈ'' (ਕਹਾਉਤਾਂ 12:10)। ਧਰਮੀ ਆਦਮੀ ਆਪਣੇ ਪਸ਼ੂਆਂ ਦੀ ਦੇਖਭਾਲ ਕਰਦਾ ਹੈ; ਉਹ ਉਨ੍ਹਾਂ ਨੂੰ ਅਰਾਮ, ਪਾਣੀ ਅਤੇ ਚਾਰਾ ਦਿੰਦਾ ਹੈ ਅਤੇ ਹਰ ਤਰ੍ਹਾਂ ਦੀ ਸਹੂਲਤ ਨਾਲ ਬਚਾ ਕੇ ਉਨ੍ਹਾਂ ਦਾ ਧਿਆਨ ਰੱਖਦਾ ਹੈ। ਪੰਛੀ, ਕੁੱਤੇ, ਬਿੱਲੀ, ਘੋੜੇ ਜਾਂ ਬਲਦ ਨੂੰ ਪਾਲਣ ਵਾਲਾ ਇਵੇਂ ਹੀ ਕਰਦਾ ਹੈ। ਜਿਵੇਂ ਆਦਮੀ ਆਪਣੇ ਮਨ ਵਿਚ ਪਸ਼ੂਆਂ ਦਾ ਧਿਆਨ ਰੱਖਦਾ ਹੈ, ਉਵੇਂ ਹੀ ਖ਼ੁਦਾ ਇਨਸਾਨ ਲਈ ਸੋਚਦਾ ਹੈ।

ਘੋੜੇ ਜਾਂ ਖੱਚਰ ਦੇ ਝੁੱਲਣ ਨੂੰ ''ਲਗਾਮ ਅਤੇ ਵਾਗ ਨਾਲ ਕਾਬੂ ਰੱਖੀਦਾ ਹੈ'' (ਜ਼ਬੂਰ 32:9)। ਆਦਮੀ ਲਈ ਖ਼ੁਦਾ ਕਿਸੇ ਰੱਸੀ ਜਾਂ ਡੋਰ ਦੀ ਨਹੀਂ ਬਲਕਿ ''ਪ੍ਰੇਮ ਦੀ ਡੋਰੀ'' ਦੀ ਵਰਤੋਂ ਕਰਦਾ ਹੈ (ਹੋਸ਼ੇਆ 11:4)। ਘੋੜੇ ਦੀ ਲਗਾਮ ਵਾਂਗ, ਖ਼ੁਦਾ ਦੀ ਦਿਆ (ਰੋਮੀਆਂ 2:4) ਮਨੁੱਖਾਂ ਨੂੰ ਖ਼ੁਦਾ ਦੀ ਇੱਛਾ ਪੂਰੀ ਕਰਨ ਲਈ ਹੋਣੀ ਚਾਹੀਦੀ ਹੈ। ਬਲਦ ਦੀ ਪੰਜਾਲੀ ਵਾਂਗ ਮਸੀਹ ਦੇ ਪਿਆਰ ਨਾਲ (2 ਕੁਰਿੰਥੀਆਂ 5:14) ਲੋਕ ਆਪਣੇ ਪ੍ਰਭੂ ਦੇ ਲਈ ਜੀਣ ਲਈ ਮਜਬੂਰ ਹੋਣੇ ਚਾਹੀਦੇ ਹਨ।

ਖ਼ੁਦਾ ਦਾ ਪਿਆਰ ਪਸ਼ੂਆਂ ਦੇ ਮਾਲਕ ਵਾਂਗ ਹੈ ''ਜਿਵੇਂ ਦਿਆਲੂ ਮਾਲਕ ਬਲਦ ਤੋਂ ਪੰਜਾਲੀ ਲਾਹੁੰਦੇ ਹਨ [ਭਾਵ, ਉਹ] ਉਸ ਤੋਂ ਇੰਨਾ ਪਿੱਛੇ ਕਰ ਦਿੰਦੇ ਹਨ ਜਿਸ ਨਾਲ ਜਾਨਵਰ ਅਰਾਮ ਨਾਲ ਖਾ ਸਕਣ।''[1] ਖ਼ੁਦਾ ਨੇ ਕਿਹਾ, ''... ਮੈਂ ਉਨ੍ਹਾਂ ਲਈ ਉਹ ਬਣਿਆ ਜੋ ਉਨ੍ਹਾਂ ਦੇ ਜਬਾੜਿਆਂ ਤੋਂ ਲਗਾਮ ਚੁੱਕਦਾ ਹੈ, ਮੈਂ ਉਨ੍ਹਾਂ ਦੀ ਵੱਲ ਝੁਕ ਕੇ ਖੁਆਇਆ'' (ਹੋਸ਼ੇਆ 11:4)।

### ਬੱਚਿਆਂ ਨਾਲ ਸਾਡੇ ਪਿਆਰ ਕਰਨ ਵਾਂਗ

ਦੁਨੀਆਂ ਵਿਚ ਹਰ ਥਾਂ ਪਿਤਾ ਨੂੰ ਆਪਣੇ ਬੱਚਿਆਂ ਲਈ ਜ਼ਿੰਮੇਵਾਰੀ ਅਤੇ ਚਿੰਤਾ ਦਾ

ਅਹਿਸਾਸ ਹੋਣ ਦੀ ਗੱਲ ਪਾਈ ਜਾਂਦੀ ਹੈ। ਇਕ ਵਾਰ ਜਦ ਮੂਸਾ ਦਾ ਧੀਰਜ ਜਵਾਬ ਦੇ ਗਿਆ ਅਤੇ ਉਹ ਥੱਕ ਗਿਆ, ਤਾਂ ਉਸ ਨੇ ਤਰਕ ਦਿੱਤਾ ਸੀ ਕਿ ਇਸਰਾਏਲੀ ਉਹਦੇ ਜੰਮੇ ਨਹੀਂ ਹਨ ਇਸ ਲਈ ਪਿਤਾ ਦੇ ਰੂਪ ਵਿਚ ਉਸ ਤੋਂ ਉਨ੍ਹਾਂ ਦੀ ਸੰਭਾਲ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਸਨੇ ਪੁੱਛਿਆ, ''ਕੀ ਮੈਂ ਏਸ ਪਰਜਾ ਨੂੰ ਗਰਭ ਵਿਚ ਲਿਆ ਅਤੇ ਮੈਂ ਹੀ ਉਹ ਨੂੰ ਜਣਿਆ ਜੋ ਤੂੰ ਮੈਨੂੰ ਕਹਿੰਦਾ ਹੈਂ ਕਿ ਉਨ੍ਹਾਂ ਨੂੰ ਆਪਣੀ ਛਾਤੀ ਉੱਤੇ ਚੁੱਕ ਕੇ ਜਿਵੇਂ ਪਿਤਾ ਦੁੱਧ ਪੀਂਦੇ ਬਾਲ ਨੂੰ ਚੁੱਕੀ ਫਿਰਦਾ ਹੈ ਕਿ ਉਸ ਜ਼ਮੀਨ ਨੂੰ ਲੈ ਜਾਹ ਜਿਹਦੇ ਦੇਣ ਦੀ ਸੌਂਹ ਤੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਖਾਧੀ ਹੈ?'' (ਗਿਣਤੀ 11:12)। ਦੂਜੇ ਪਾਸੇ, ਪੌਲੁਸ ਨੇ ਆਪਣੇ ਰਾਹੀਂ ਬਣੇ ਮਸੀਹੀ ਲੋਕਾਂ ਲਈ ਆਪਣੇ ਪਿਆਰ ਨੂੰ ਪਿਤਾ ਦੇ ਪਿਆਰ ਵਾਂਗ ਮੰਨਿਆ। ''ਪਰ ਅਸੀਂ ਤੁਹਾਡੇ ਵਿਚ ਅਜਿਹੇ ਅਸੀਲ ਸਾਂ ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ। ... ਸੋ ਤੁਸੀਂ ਜਾਣਦੇ ਹੋ ਭਈ ਜਿਵੇਂ ਪਿਤਾ ਆਪਣੇ ਬਾਲਕਾਂ ਨੂੰ ਤਿਵੇਂ ਅਸੀਂ ਤੁਹਾਡੇ ਵਿੱਚੋਂ ਇਕ-ਇਕ ਨੂੰ ਕਿਵੇਂ ਉਪਦੇਸ਼ ਅਤੇ ਦਿਲਾਸਾ ਦਿੰਦੇ ਅਤੇ ਸਮਝਾਉਂਦੇ ਰਹੇ'' (1 ਥੱਸਲੁਨੀਕੀਆਂ 2:7-11)।

ਖ਼ੁਦਾ ਨੇ ਇਸਰਾਏਲ ਨਾਲ ਆਪਣਾ ਪਿਆਰ ਵਿਖਾਉਣ ਲਈ ਪਿਤਾ ਦੇ ਪਿਆਰ ਦੀ ਵਰਤੋਂ ਕੀਤੀ। ''ਜਦ ਇਸਰਾਏਲ ਮੁੰਡਾ ਸੀ ਮੈਂ ਉਹ ਨੂੰ ਪਿਆਰ ਕੀਤਾ, ਅਤੇ ਆਪਣੇ ਪੁੱਤਰ ਨੂੰ ਮਿਸਰ ਵਿੱਚੋਂ ਸੱਦਿਆ'' (ਹੋਸ਼ੇਆ 11:1)। ਪਰ ਉਹਦਾ ਪਿਆਰ ਇਕ-ਤਰਫ਼ਾ ਸੀ। ਖ਼ੁਦਾ ਦੇ ਨਬੀ ਇਸਰਾਏਲ ਨੂੰ ਖ਼ੁਦਾ ਦੀ ਵੱਲ ਪਵਿੱਤਰ ਪਿਆਰ ਕਰਨ ਲਈ ਪੁਕਾਰਦੇ ਰਹੇ। ਇਸਦੇ ਉਲਟ ਲੋਕਾਂ ''ਨੇ ਬਆਲਾਂ ਲਈ ਬਲੀਆਂ ਚੜ੍ਹਾਈਆਂ ਅਤੇ ਮੂਰਤੀਆਂ ਲਈ ਧੂਪ ਧੁਖਾਈ'' (ਹੋਸ਼ੇਆ 11:2)। ਇਹ ਉਨ੍ਹਾਂ ਨੇ ਇਸ ਤੱਥ ਨੂੰ ਜਾਣਨ ਦੇ ਬਾਵਜੂਦ ਕੀਤਾ ਕਿ ਖ਼ੁਦਾ ਭਲਾ ਪਿਤਾ ਹੈ: ''ਮੈਂ ਅਫ਼ਰਾਈਮ ਨੂੰ ਤੁਰਨਾ ਸਿਖਾਇਆ, ਮੈਂ ਉਨ੍ਹਾਂ ਨੂੰ ਆਪਣੀਆਂ ਬਾਹਾਂ ਉੱਤੇ ਚੁੱਕ ਲਿਆ, ਪਰ ਉਨ੍ਹਾਂ ਨਾ ਜਾਤਾ ਕਿ ਮੈਂ ਉਨ੍ਹਾਂ ਨੂੰ ਚੰਗਾ ਕੀਤਾ'' (ਹੋਸ਼ੇਆ 11:3)। ਆਪਣੇ ਪਾਪ ਭਰੇ ਸੁਆਰਥ ਕਰਕੇ ਉਹ ਇਹ ਵੀ ਨਾ ਵੇਖ ਸਕੇ ਕਿ ਖ਼ੁਦਾ ਉਨ੍ਹਾਂ ਦੀ ਹਰ ਲੋੜ ਨੂੰ ਪੂਰਾ ਕਰ ਰਿਹਾ ਸੀ। ਉਸ ਨੇ ਵਾਅਦਾ ਕੀਤਾ, ''... ਜਿਹੜੀਆਂ ਬਿਮਾਰੀਆਂ ਮੈਂ ਮਿਸਰੀਆਂ ਉੱਤੇ ਪਾਈਆਂ ਉਹ ਤੁਹਾਡੇ ਉੱਤੇ ਨਹੀਂ ਪਾਵਾਂਗਾ ਕਿਉਂ ਜੋ ਮੈਂ ਯਹੋਵਾਹ ਤੁਹਾਨੂੰ ਨਰੋਇਆ ਕਰਨ ਵਾਲਾ ਹਾਂ'' (ਕੂਚ 15:26)। ਇਸਰਾਏਲ ਓਸ ਪਿਆਰ ਨੂੰ ਸਮਝਣ ਵਿਚ ਨਾਕਾਮ ਰਿਹਾ ਜੋ ਖ਼ੁਦਾ ਉਨ੍ਹਾਂ ਨਾਲ ਵਿਖਾ ਰਿਹਾ ਸੀ: ''... ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਤੁਹਾਨੂੰ ਚੁੱਕਿਆ ਜਿਵੇਂ ਮਨੁੱਖ ਆਪਣੇ ਪੁੱਤਰ ਨੂੰ ਚੁੱਕਦਾ ਹੈ ਤੁਹਾਡੇ ਸਾਰੇ ਰਾਹ ਵਿਚ ਜਿੱਥੇ ਤੁਸੀਂ ਜਾਂਦੇ ਸਾਓ ਜਦ ਤੀਕ ਤੁਸੀਂ ਇਸ ਥਾਂ ਤੀਕ ਨਾ ਪੁੱਜੇ'' (ਵਿਵਸਥਾਸਾਰ 1:31)। ਅਜਿਹਾ ਨਾ ਹੋਵੇ ਕਿ ਅਸੀਂ ਆਪਣੇ ਲਈ ਉਹਦੇ ਪਿਆਰ ਨੂੰ ਨਾ ਵੇਖ ਸਕੀਏ (ਵੇਖੋ 1 ਯੂਹੰਨਾ 3:1)।

## ਉਸਦਾ ਰਹਿਮ

ਯਾਕੂਬ 5:11 ਆਖਦਾ ਹੈ, '' ... ਪ੍ਰਭੂ ਵੱਡਾ ਦਰਦੀ ਅਤੇ ਦਿਆਲੂ ਹੈ।''

ਜਦ ਪਹਿਲਾ ਕਾਤਲ ਰਹਿਮ ਲਈ ਪੁਕਾਰ ਉਠਿਆ ਸੀ ਤਾਂ ਉਸ ਵਕਤ ਵੀ ਉਸ ਨੇ ਜੋ ਰਹਿਮ ਨਾਲ ਭਰਿਆ ਹੋਇਆ ਹੈ ਉਹਦੀ ਪੁਕਾਰ ਸੁਣ ਕੇ ਉਸ ਨੂੰ ਬਚਾਅ ਲਈ ਇਕ ਨਿਸ਼ਾਨ ਦਿੱਤਾ ਸੀ (ਉਤਪਤ 4:15)। ਖ਼ੁਦਾ ਨੇ ਕਦੇ ਸਜ਼ਾ ਦੇਣਾ ਨਹੀਂ ਚਾਹਿਆ ਬਲਕਿ ਉਹ ਹਮੇਸ਼ਾ ਬਰਕਤ ਦੇਣਾ ਚਾਹੁੰਦਾ ਹੈ।

''ਪ੍ਰਭੂ ਯਹੋਵਾਹ ਦਾ ਵਾਕ ਹੈ, ਕੀ ਮੈਨੂੰ ਦੁਸ਼ਟ ਦੀ ਮੌਤ ਵਿੱਚ ਕੋਈ ਖੁਸ਼ੀ ਹੈ, ਅਤੇ ਏਸ ਵਿਚ ਨਹੀਂ ਕਿ ਉਹ ਆਪਣੇ ਮਾਰਗ ਤੋਂ ਮੁੜੇ ਅਤੇ ਜੀਉਂਦਾ ਰਹੇ? ... ਕਿਉਂ ਜੋ ਪ੍ਰਭੂ ਯਹੋਵਾਹ ਦਾ ਵਾਕ ਹੈ ਮੈਨੂੰ ਮਰਨ ਵਾਲੇ ਦੀ ਮੌਤ ਤੋਂ ਖੁਸ਼ੀ ਨਹੀਂ, ਇਸ ਲਈ ਮੁੜੋ ਅਤੇ ਜੀਉਂਦੇ ਰਹੋ'' (ਹਿਜ਼ਕੀਏਲ 18:23-32)।

2 ਇਤਿਹਾਸ 30 ਵਿਚ ਜਦ ਦੂਜੇ ਮਹੀਨੇ ਵੀ ਅਫ਼ਰਾਈਮ, ਮਨੱਸ਼ਹ, ਇੱਸਾਕਾਰ ਅਤੇ ਜ਼ਬੁਲੂਨ ਦੇ ਲੋਕ ਪਸਾਹ ਖਾਣ ਲਈ ਤਿਆਰ ਨਹੀਂ ਸਨ ਤਾਂ ਹਿਜ਼ਕੀਆ ਨੇ ਉਨ੍ਹਾਂ ਲਈ ਦੁਆ ਕੀਤੀ ਕਿ ''ਯਹੋਵਾਹ ਜੋ ਨੇਕ ਹੈ ਹਰ ਇਕ ਨੂੰ ਖਿਮਾ ਕਰੇ ਜਿਸ ਨੇ ਪਰਮੇਸ਼ੁਰ ਦੀ ਭਾਲ ਲਈ ਆਪਣਾ ਦਿਲ ਲਾਇਆ ਹੈ ਅਰਥਾਤ ਯਹੋਵਾਹ ਉਸ ਦੇ ਪਿਉ ਦਾਦਿਆਂ ਦਾ ਪਰਮੇਸ਼ੁਰ, ਭਾਵੇਂ ਹੀ ਉਹ ਪਵਿੱਤਰ ਅਸਥਾਨ ਦੀ ਪਵਿੱਤਰਤਾਈ ਅਨੁਸਾਰ ਸਾਫ਼ ਨਾ ਹੋਇਆ ਹੋਵੇ'' (ਆਇਤਾਂ 18, 19)। ਆਇਤ 20 ਵਿਚ ਅਸੀਂ ਪੜ੍ਹਦੇ ਹਾਂ, ''ਯਹੋਵਾਹ ਨੇ ਹਿਜ਼ਕੀਯਾਹ ਦੀ ਸੁਣ ਲਈ ਅਤੇ ਲੋਕਾਂ ਨੂੰ ਚੰਗਾ ਕੀਤਾ।''

ਬਦਕਿਸਮਤੀ ਨਾਲ ਖ਼ੁਦਾ ਦੇ ਰਹਿਮ ਦੀ ਖ਼ੂਬਸੂਰਤ ਅਤੇ ਤਸੱਲੀ ਦੇਣ ਵਾਲੀ ਸਿੱਖਿਆ ਦੀ ਦੁਰਵਰਤੋਂ ਵੀ ਕੀਤੀ ਜਾਂਦੀ ਹੈ। ਬਹੁਤੇ ਲੋਕਾਂ ਦਾ ਕਹਿਣਾ ਹੈ, ''ਉਹਦੇ ਵਰਗਾ ਪ੍ਰੇਮੀ ਕੋਈ ਵੀ ਖ਼ੁਦਾ ਕਿਸੇ ਨੂੰ ਭਾਵੇਂ ਉਹ ਕਿੰਨਾ ਵੀ ਬੁਰਾ ਕਿਉਂ ਨਾ ਹੋਵੇ ਹਮੇਸ਼ਾ ਦੀ ਅੱਗ ਵਿਚ ਸੜਨ ਨਹੀਂ ਦੇਵੇਗਾ!'' ਸਚਿਆਈ ਇਹ ਹੈ ਕਿ ਸਾਨੂੰ ਸਮਝਣ ਦੀ ਲੋੜ ਹੈ ਕਿ ਖ਼ੁਦਾ ਦੇ ਰਹਿਮ ਦੀ ਇਕ ਹੱਦ ਹੈ। 2 ਪਤਰਸ 2 ਅਧਿਆਇ ਵਿਚ ਅਸੀਂ ਪੜ੍ਹਦੇ ਹਾਂ, ''ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਉਨ੍ਹਾਂ ਨੂੰ ਨਰਕ ਵਿਚ ਸੁੱਟ ਕੇ ਅੰਧਕੂਪਾਂ ਵਿਚ ਪਾ ਦਿੱਤਾ ਭਈ ਨਿਆਂ ਲਈ ਕਾਬੂ ਰਹਿਣ'' (ਆਇਤ 4)। ਉਸ ਨੇ ਪ੍ਰਾਚੀਨ ਜਗਤ ਨੂੰ ਵੀ ਨਹੀਂ ਛੱਡਿਆ (ਆਇਤ 5), ਸਗੋਂ ਦੁਸ਼ਟ ਸੰਸਾਰ ਤੇ ਵੱਡੀ ਪਰਲੋ ਘੱਲ ਕੇ ਉਨ੍ਹਾਂ ਦਾ ਅੰਤ ਕਰ ਦਿੱਤਾ। ਅਜਿਹਾ ਕਰਨ ਤੇ ਉਸ ਨੂੰ ਦੁੱਖ ਤਾਂ ਹੋਇਆ ਪਰ ਇਹ ਜ਼ਰੂਰੀ ਵੀ ਸੀ।

ਖ਼ੁਦਾ ਨੇ ਸਦੂਮ ਅਤੇ ਅਮੂਰਾਹ ਨੂੰ ਮਿੱਟੀ ਵਿਚ ਮਿਲਾ ਦਿੱਤਾ (ਆਇਤ 6)। ਭਲਾ ਉਹ ਉਨ੍ਹਾਂ ਨੂੰ ਮਿੱਟੀ ਵਿਚ ਮਿਲਾਉਣਾ ਚਾਹੁੰਦਾ ਸੀ? ਉਸ ਨੇ ਅਬਰਾਹਾਮ ਦੀ ਦੁਆ ਬੜੀ ਤਾਂਘ ਨਾਲ ਸੁਣੀ ਸੀ: ''ਕੀ ਤੂੰ ਉਸ ਥਾਂ ਨੂੰ ਪੰਜਾਹ ਧਰਮੀਆਂ ਦੇ ਸਬੱਬ ਜੇ ਉਸ ਵਿਚ ਹੋਣ ਤਾਂ ਛੱਡ ਦਏਂਗਾ?'' ''ਹਾਂ।'' ''ਪੰਜਤਾਲੀ ਹੋਣ ਤਾਂ?'' ''ਹਾਂ।'' ''ਚਾਲੀ ... ਤੀਹ ... ਦਸ ਹੋਣ ਤਾਂ?'' ''ਹਾਂ।'' ਐਨੇ ਕੁ ਧਰਮੀ ਵੀ ਉੱਥੇ ਨਹੀਂ ਮਿਲ ਸਕੇ ਸਨ। ਅਸਮਾਨ ਤੋਂ ਅੱਗ ਅਤੇ ਗੰਧਕ ਡਿੱਗੀ ਅਤੇ ਉਹ ਥਾਂ ਅੱਗ ਵਿਚ ਬਦਲ ਗਿਆ।

ਖ਼ੁਦਾ ਕਿਸੇ ਨੂੰ ਨਰਕ ਵਿਚ ਨਹੀਂ ਘੱਲਦਾ, ਉੱਥੇ ਜਿਹੜਾ ਵੀ ਜਾਂਦਾ ਹੈ, ਆਪੇ ਹੀ ਉਹਦਾ ਜ਼ਿੰਮੇਵਾਰ ਹੁੰਦਾ ਹੈ। ਉੱਥੇ ਜਾਣ ਤੋਂ ਰੋਕਣ ਵਾਸਤੇ ਖ਼ੁਦਾ ਜੋ ਵੀ ਕਰ ਸਕਦਾ ਹੈ, ਉਸ ਨੇ ਕੀਤਾ ਅਤੇ ਕਰ ਰਿਹਾ ਹੈ। ਉਸ ਨੇ ਤਾਂ ਦੁਸ਼ਟ ਮਨੁੱਖੀ ਕੌਮ ਨਾਲ ਐਨਾ ਪਿਆਰ ਕੀਤਾ ਕਿ ਆਪਣੇ ਇਕਲੌਤੇ ਬੇਟੇ ਤਕ ਨੂੰ ਦੇ ਦਿੱਤਾ (ਯੂਹੰਨਾ 3:16)।

ਨਹੀਂ, ਨਰਕ ਦਾ ਹੋਣਾ ਖ਼ੁਦਾ ਦੇ ਰਹਿਮ ਅਤੇ ਦਿਆ ਦੇ ਵਿਰੁੱਧ ਕੋਈ ਤਰਕ ਨਹੀਂ ਹੈ। ਇਹ ਤਾਂ ਉਸ ਨਾਸ਼ੁਕਰਗੁਜ਼ਾਰੀ ਅਤੇ ਨਫ਼ਰਤ ਦਾ ਸਬੂਤ ਹੈ ਜਿਸ ਨਾਲ ਮਨੁੱਖ ਖ਼ੁਦਾਈ ਕਿਰਪਾ ਨੂੰ ਠੁਕਰਾ ਦਿੰਦਾ ਹੈ ਅਤੇ ਬਚਾਇਆ ਨਹੀਂ ਜਾ ਸਕੇਗਾ।

# ਉਸਦੀ ਕੋਮਲਤਾ

ਮਸੀਹੀ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ''ਕਿਸੇ ਦੀ ਬਦਨਾਮੀ ਨਾ ਕਰਨ। ਝਗੜਾਲੂ ਨਹੀਂ ਸਗੋਂ ਸੀਲ ਸੁਭਾਉ ਹੋਣ ਅਤੇ ਸੱਭੇ ਮਨੁੱਖਾਂ ਨਾਲ ਪੂਰੀ ਨਰਮਾਈ ਰੱਖਣ'' (ਤੀਤੁਸ 3:1, 2)।

ਜਿਸ ਗੁਣ ਨੂੰ ਕੋਮਲ ਸੁਭਾਅ ਕਿਹਾ ਗਿਆ ਹੈ ਉਸ ਨੂੰ ਹਰ ਭਲਾ ਮਾਨਸ ਪਸੰਦ ਕਰਦਾ ਹੈ ਅਤੇ ਖ਼ੁਦਾ ਨੂੰ ਵੀ ਚੰਗਾ ਲੱਗਦਾ ਹੈ। ਇਸਦੇ ਉਲਟ ਆਤਮਾ ਦਾ ਫਲ ਵਿਖਾਉਣ ਵਾਲਿਆਂ ਲਈ ਵਿੰਗਿਆਂ ਲਈ ਕੋਈ ਥਾਂ ਨਹੀਂ ਹੈ। ਕਿਸੇ ਦੇ ਕੋਮਲ ਸੁਭਾਅ ਦੀ ਗੱਲ ਕਰਦਿਆਂ ਉਸਦੇ ਕਈ ਚੰਗੇ ਗੁਣ ਭਾਵ ਈਮਾਨਦਾਰੀ, ਸਿਆਣਪ, ਖੁੱਲ੍ਹਦਿਲੀ, ਦਲੇਰੀ ਅਤੇ ਤਰਸ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਚਿੰਤਨਸ਼ੀਲ ਅਤੇ ਵਿਚਾਰਵਾਨ ਹੋਣਾ ਵੀ ਕੋਮਲ ਸੁਭਾਅ ਵਿਚ ਗਿਣਿਆ ਜਾ ਸਕਦਾ ਹੈ।

ਮਸੀਹੀ ਲੋਕਾਂ ਨੂੰ ਆਪਣੇ ਸੁਭਾਅ ਵਿਚ ਕੋਮਲਤਾ ਲਿਆਉਣ ਲਈ ਕਿਹਾ ਜਾਂਦਾ ਹੈ, ਕਿਉਂਕਿ ਉਹ ਸਾਡੇ ਪਿਤਾ ਪਰਮੇਸ਼ੁਰ ਦੀ ਖੂਬੀ ਹੈ। ਇਹ ਸਮਝ ਆ ਜਾਣ ਤੇ ਕਿ ਅਸੀਂ ਉਹਦੇ ਕਿੰਨੇ ਦੇਣਦਾਰ ਹਾਂ ਜਿਸ ਨੇ ਸਾਨੂੰ ਬਣਾਇਆ ਅਤੇ ਅਸੀਂ ਕਿੰਨੇ ਪਾਪੀ ਹਾਂ, ਸਾਨੂੰ ਲੋਕਾਂ ਨਾਲ ਬੜੀ ਨਰਮਾਈ ਨਾਲ ਰਹਿਣਾ ਚਾਹੀਦਾ ਹੈ। ਦਾਊਦ ਨੇ ਖ਼ੁਦਾ ਦੀ ਕਿਰਪਾ ਵਿਚ ਆਪਣੇ ਵਧਣ ਨੂੰ ਇਹ ਆਖ ਕੇ ਵਿਖਾਇਆ, ''... ਤੇਰੀ ਨਰਮਾਈ ਨੇ ਮੈਨੂੰ ਵਡਿਆਇਆ ਹੈ'' (ਜ਼ਬੂਰ 18:35)।

ਕਇਨ ਨੂੰ ਸਮਝਾਉਂਦਿਆਂ ਖ਼ੁਦਾ ਨੇ ਆਪਣਾ ਕੋਮਲ ਸੁਭਾਅ ਵਿਖਾਇਆ ਸੀ, ''ਤੂੰ ਕਿਉਂ ਕ੍ਰੋਧਵਾਨ ਹੈਂ ਅਤੇ ਤੇਰਾ ਮੂੰਹ ਨੀਵਾਂ ਕਿਉਂ ਹੋ ਗਿਆ? ਜੇ ਤੂੰ ਭਲਾ ਕਰੇਂ ਤਾਂ ਭਲਾ ਉਹ ਉਤਾਹਾਂ ਨਾ ਕੀਤਾ ਜਾਵੇ? ਜੇ ਤੂੰ ਭਲਾ ਨਾ ਕਰੇਂ ਤਾਂ ਪਾਪ ਬੂਹੇ 'ਤੇ ਛੈਹ ਵਿਚ ਬੈਠਾ ਹੈ ... ਪਰ ਤੂੰ ਉਹਦੇ ਉੱਤੇ ਪਰਬਲ ਹੋ'' (ਉਤਪਤ 4:6, 7)।

ਆਓ ਦੁਆ ਕਰੀਏ ਕਿ ਅਸੀਂ ਹੋਰ ਵਧੇਰੇ ਪਿਆਰ ਅਤੇ ਕਿਰਪਾ ਕਰਨ ਵਾਲੇ ਅਤੇ ਹਲੀਮ ਬਣੀਏ ਜਿਵੇਂ ਸਾਡਾ ਖ਼ੁਦਾ ਸਾਨੂੰ ਬਣਾਉਣਾ ਚਾਹੁੰਦਾ ਹੈ।

---

ਟਿੱਪਣੀਆਂ

[1]ਸੀ. ਐੱਫ਼. ਕੇਲ ਐਂਡ ਐੱਫ਼. ਡੇਲਿਸ਼, *ਕਮੈਂਟਰੀਜ਼ ਆਨ ਦ ਓਲਡ ਟੈਸਟਾਮੈਂਟ,* ਜਿਲਦ 10, *ਮਾਈਨਰ ਪ੍ਰੋਫ਼ੇਟਸ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਡਬਲਯੂ. ਈਰਡਮੈਂਸ ਪਬਿਲਿਸ਼ਿੰਗ ਕੰ., ਪੰਨਾ ਰਹਿਤ), 138.